ਨਵੰਬਰ 2023

# ਨਵੇਂ Scotland ਦਾ ਨਿਰਮਾਣ : ਆਜ਼ਾਦੀ ਤੋਂ ਬਾਅਦ Scotland ਵਿੱਚ ਮਾਈਗ੍ਰੇਸ਼ਨ

BUILDING A NEW SCOTLAND

## ਸਾਰ


ਇਹ ਸਾਰ ਇੱਕ ਸੁਤੰਤਰ Scotland ਵਿੱਚ ਮਾਈਗ੍ਰੇਸ਼ਨ ਨੀਤੀ ਲਈਸਕਾਟਿਸ਼ ਸਰਕਾਰ ਦੇ ਪ੍ਰਸਤਾਵਾਂ ਦੀ ਪੇਸ਼ਕਸ਼ ਕਰਦਾ ਹੈ। ਇਹ:

- ਆਜ਼ਾਦੀ ਤੋਂ ਬਾਅਦ ਮਨੁੱਖੀ ਅਤੇ ਸਿਧਾਂਤਕ ਮਾਈਗ੍ਰੇਸ਼ਨ ਨੀਤੀ ਲਈਸਾਡਾ ਵਿਜ਼ਨ ਨਿਰਧਾਰਤ ਕਰਦਾ ਹੈ, ਨਵੇਂ ਸਕਾਟਸ ਵਿੱਚ ਉਨ੍ਹਾਂ ਲੋਕਾਂ ਦਾ ਸਵਾਗਤ ਕਰਦਾ ਹੈ ਜੋ ਸਾਡੀ ਆਰਥਿਕਤਾ ਅਤੇ ਸਾਡੇ ਭਾਈਚਾਰਿਆਂ ਵਿੱਚ ਯੋਗਦਾਨ ਪਾਉਣਾ ਚਾਹੁੰਦੇ ਹਨ
- ਦੱਸਦਾ ਹੈ ਕਿ ਸ਼ਰਣ ਦੀ ਮੰਗ ਕਰਨ ਵਾਲੇ ਲੋਕਾਂ ਅਤੇ ਸ਼ਰਨਾਰਥੀਆਂ ਦਾ ਸਾਡੇ ਭਾਈਚਾਰਿਆਂ ਵਿੱਚ ਕਿਵੇਂ ਸੁਆਗਤ ਅਤੇ ਏਕੀਕਰਨ ਕੀਤਾ ਜਾਵੇਗਾ ਅਤੇ ਇੱਜ਼ਤ ਅਤੇ ਸਨਮਾਨ ਨਾਲ ਵਿਵਹਾਰ ਕੀਤਾ ਜਾਵੇਗਾ

ਪੂਰਾ ਪ੍ਰਕਾਸ਼ਨ ਇਨ੍ਹਾਂ ਪ੍ਰਸਤਾਵਾਂ ਬਾਰੇ ਵਧੇਰੇ ਵੇਰਵੇ ਅਤੇ ਨਾਲ ਹੀ ਸਰੋਤਾਂ ਦੇ ਹਵਾਲੇ ਵੀ ਮੁਹੱਈਆ ਕਰਦਾ ਹੈ ਜੋ ਉਨ੍ਹਾਂ ਨੂੰ ਸੂਚਿਤ ਕਰਨ ਵਾਲੇ ਸਬੂਤਾਂ ਦਾ ਵਿਸ਼ਲੇਸ਼ਣ ਕਰਦੇ ਹਨ।


## ਜਾਣ-ਪਛਾਣ

Scotland ਨੂੰ ਮਾਈਗ੍ਰੇਸ਼ਨ ਦੁਆਰਾ ਤਿਆਰ ਕੀਤਾ ਗਿਆ ਹੈ ਅਤੇ ਇਤਿਹਾਸਕ ਤੌਰ 'ਤੇ, ਇਸਦਾ ਮਤਲਬ ਹੈ ਕਿ ਨੌਜਵਾਨ ਸਕਾਟਸ ਕਿਤੇ ਹੋਰ ਆਪਣੀ ਜ਼ਿੰਦਗੀ ਬਣਾਉਣ ਲਈਘਰ ਛੱਡ ਰਹੇ ਹਨ। ਪਰ ਪਿਛਲੇ 20 ਸਾਲਾਂ ਵਿੱਚ ਹਾਲੀਆ ਮਾਈਗ੍ਰੇਸ਼ਨ, ਖਾਸ ਕਰਕੇ ਯੂਰਪੀਅਨ ਯੂਨੀਅਨ (EU) ਮਾਈਗ੍ਰੇਸ਼ਨ ਨੇ ਇਸ ਨੂੰ ਬਦਲਣ ਵਿੱਚ ਮਦਦ ਕੀਤੀ ਹੈ। Scotland ਅਨੁਮਾਨਿਤ ਆਬਾਦੀ ਵਿੱਚ ਘਾਟੇ ਦੇ ਨਾਲ ਲੋਕਾਂ ਦੇ ਸ਼ੁੱਧ ਨਿਰਯਾਤਕ ਹੋਣ ਤੋਂ, ਇੱਕ ਵਧਦੀ ਆਬਾਦੀ, ਇੱਕ ਵੱਡੇ ਅੰਤਰਰਾਸ਼ਟਰੀ ਦ੍ਰਿਸ਼ਟੀਕੋਣ ਅਤੇ ਇੱਕ ਸੱਭਿਆਚਾਰਕ ਤੌਰ 'ਤੇ ਧਨੀ ਅਤੇ ਵਧੇਰੇ ਵਿਭਿੰਨ ਸਮਾਜ ਵਾਲੇ ਦੇਸ਼ ਵੱਲ ਚਲਾ ਗਿਆ ਹੈ।

ਹਾਲਾਂਕਿ, ਮਾਈਗ੍ਰੇਸ਼ਨ ਪ੍ਰਤੀ ਵੈਸਟਮਿੰਸਟਰ ਸਰਕਾਰ ਦੇ 'ਵਿਰੋਧੀ ਮਾਹੌਲ' ਸੰਬੰਧੀ ਦ੍ਰਿਸ਼ਟੀਕੋਣ ਅਤੇ Scotland ਦੀ ਵੱਖਰੀ ਆਬਾਦੀ ਦੀ ਸਥਿਤੀ ਨੂੰ ਹੱਲ ਕਰਨ ਵਿੱਚ UK ਦੀ ਇਮੀਗ੍ਰੇਸ਼ਨ ਨੀਤੀ ਦੀ ਅਸਫਲਤਾ ਦੇ ਨਤੀਜੇ ਵਜੋਂ ਇਹ ਹੁਣ ਖਤਰੇ ਵਿੱਚ ਹੈ।

UK ਮਾਈਗ੍ਰੇਸ਼ਨ ਨੀਤੀ ਵਪਾਰ ਅਤੇ ਵਿਆਪਕ ਅਰਥਵਿਵਸਥਾ ਨੂੰ ਵੀ ਨੁਕਸਾਨ ਪਹੁੰਚਾ ਰਹੀ ਹੈ। ਸਾਹਮਣੇ ਆ'ਰਹੇ ਸਬੂਤ ਸੁਝਾਅ ਦਿੰਦੇ ਹਨ ਕਿ ਕੁਝ ਸੈਕਟਰ - ਉਦਾਹਰਨ ਵਜੋਂ - ਖਾਣ-ਪੀਣ, ਕਾਮਿਆਂ ਦੀ ਘਾਟ ਦਾ ਸਾਹਮਣਾ ਕਰ ਰਹੇ

ਹਨ ਅਤੇ ਖਾਲੀ ਅਸਾਮੀਆਂ ਨੂੰ ਭਰਨ ਲਈ ਸੰਘਰਸ਼ ਕਰ ਰਹੇ ਹਨ।

ਹਾਲ ਦੇ ਸਾਲਾਂ ਵਿੱਚ ਸਕਾਰਾਤਮਕ ਮਾਈਗ੍ਰੇਸ਼ਨ ਬਿਰਤਾਂਤ ਦੇ ਬਾਵਜੂਦ, Scotland ਦੀ ਆਬਾਦੀ ਦਾ ਅਗਲੇ ਦਹਾਕੇ ਵਿੱਚ ਫਿਰ ਤੋਂ ਘੱਟਣ ਦਾ ਅਨੁਮਾਨ ਹੈ। ਸਾਨੂੰ ਇਸਦੇ ਲਈ ਅਤੇ ਵਿਆਪਕ ਜਨਸੰਖਿਆ ਬਦਲਾਅ ਲਈ ਹੱਲ ਦੀ ਲੋੜ ਹੈ, ਕਿਉਂਕਿ Scotland ਦੀ ਆਬਾਦੀ, ਕਈ ਹੋਰ ਵਿਕਸਤ ਦੇਸ਼ਾਂ ਵਾਂਗ, ਵੱਡੀ ਉਮਰ ਦੇ ਲੋਕਾਂ ਦੀ ਹੋ ਰਹੀ ਹੈ। ਦਰਅਸਲ, Scotland UK ਦਾ ਇੱਕਮਾਤਰ ਦੇਸ਼ ਹੈ ਜਿੱਥੇ ਸਮੁੱਚੀ ਆਬਾਦੀ ਅਤੇ ਕੰਮ ਕਰਨ ਦੀ ਉਮਰ ਵਾਲੀ ਆਬਾਦੀ ਵਿੱਚ ਘੱਟਣ ਦਾ ਅਨੁਮਾਨ ਹੈ।

## ਇੱਕ ਨਵਾਂ ਦ੍ਰਿਸ਼ਟੀਕੋਣ

ਸੁਤੰਤਰਤਾ Scotland ਨੂੰ ਆਪਣੀ ਆਬਾਦੀ ਵਧਾਉਣ ਵਿੱਚ ਮਦਦ ਲਈ ਮਾਈਗ੍ਰੇਸ਼ਨ ਨੀਤੀ ਉੱਤੇ ਨਿਯੰਤਰਣ ਦੇਵੇਗੀ। ਅਸੀਂ ਮਨੁੱਖੀ, ਸਨਮਾਨਜਨਕ ਅਤੇ ਸਿਧਾਂਤਕ ਮਾਈਗ੍ਰੇਸ਼ਨ ਪ੍ਰਣਾਲੀ ਤਿਆਰ ਕਰਾਂਗੇ ਅਤੇ ਵੈਸਟਮਿੰਸਟਰ ਦੇ 'ਵਿਰੋਧੀ ਮਾਹੌਲ' ਨੂੰ ਵਿਆਪਕ ਤੌਰ 'ਤੇ ਅਸਵੀਕਾਰ ਕਰਾਂਗੇ।

ਇਸ ਪੇਪਰ ਵਿਚਲੇ ਪ੍ਰਸਤਾਵਾਂ ਦਾ ਉਦੇਸ਼ ਸਾਡੇ ਭਾਈਚਾਰਿਆਂ ਅਤੇ ਜਨਤਕ ਸੇਵਾਵਾਂ - ਅਤੇ ਮਹੱਤਵਪੂਰਨ ਤੌਰ 'ਤੇ ਉਨ੍ਹਾਂ ਲੋਕਾਂ ਲਈ ਸਕਾਰਾਤਮਕ ਨਤੀਜੇ ਦੇਣਾ ਹੈ, ਜੋ Scotland ਵਿੱਚ ਰਹਿਣਾ, ਕੰਮ ਕਰਨਾ ਅਤੇ ਆਪਣੇ ਪਰਿਵਾਰਾਂ ਦਾ ਪਾਲਣ ਪੋਸ਼ਣ ਕਰਨਾ ਚਾਹੁੰਦੇ ਹਨ। Scotland ਨੂੰ ਸੱਭਿਆਚਾਰਕ ਤੌਰ 'ਤੇ ਧਨੀ ਬਣਾਉਣ ਦੇ ਨਾਲ-ਨਾਲ, ਜਿਨ੍ਹਾਂ ਲੋਕਾਂ ਨੇ ਇੱਥੇ ਰਹਿਣ ਅਤੇ ਕੰਮ ਕਰਨ ਦੀ ਚੋਣ ਕੀਤੀ ਹੈ, ਉਹ ਸਾਡੀ ਆਰਥਿਕਤਾ ਨੂੰ ਵਧਾਉਣ ਵਿੱਚ ਮਦਦ ਕਰ ਰਹੇ ਹਨ - ਉਹ ਮੁੱਖ ਖੇਤਰਾਂ ਵਿੱਚ ਹੁਨਰ ਦੀ ਕਮੀ ਨੂੰ ਦੂਰ ਕਰਨ ਵਿੱਚ ਮਦਦ ਕਰਦੇ ਹਨ ਅਤੇ ਸਾਡੀ ਆਬਾਦੀ ਦੇ ਵਾਧੇ ਵਿੱਚ ਜ਼ਰੂਰੀ ਯੋਗਦਾਨ ਪਾਉਂਦੇ ਹਨ।

ਇਸ ਸਰਕਾਰ ਦਾ ਦ੍ਰਿਸ਼ਟੀਕੋਣ ਗਲੋਬਲ ਸਾਊਥ ਦੀ ਸਮਾਨਤਾ ਵਿੱਚ ਵੀ ਨੀਂਹ ਦਾ ਕੰਮ ਕਰੇਗਾ। ਅਸੀਂ ਵਿੰਡਰਸ਼ ਸਕੈਂਡਲ ਤੋਂ ਸਬਕ ਸਿੱਖਾਂਗੇ ਅਤੇ ਪ੍ਰਵਾਸੀਆਂ ਦੇ ਹੱਕਾਂ ਦੀ ਮਜ਼ਬੂਤ ਸੁਰੱਖਿਆ ਨੂੰ ਯਕੀਨੀ ਬਣਾਵਾਂਗੇ। ਇਸ ਵਿੱਚ ਪੱਖਪਾਤੀ ਰੁਕਾਵਟਾਂ ਨੂੰ ਹਟਾਉਣਾ ਸ਼ਾਮਲ ਹੈ, ਤਾਂ ਜੋ ਗਲੋਬਲ ਸਾਊਥ ਦੇ ਲੋਕਾਂ ਕੋਲ ਸਕਾਟਿਸ਼ ਮਾਈਗ੍ਰੇਸ਼ਨ ਪ੍ਰਣਾਲੀ ਤੱਕ ਬਰਾਬਰ ਪਹੁੰਚ ਹੋਵੇ।

ਆਜ਼ਾਦੀ 'ਤੇ, ਇਹ ਸਰਕਾਰ UK ਅਤੇ ਆਇਰਲੈਂਡ ਵਿੱਚ ਸਾਡੇ ਨਜ਼ਦੀਕੀ ਗੁਆਂਢੀਆਂ ਨਾਲ ਸਾਡੇ ਲੰਬੇ ਸਮੇਂ ਤੋਂ ਚੱਲ ਰਹੇ ਸੰਬੰਧਾਂ ਨੂੰ ਦਰਸਾਉਂਦੀ ਰਹੇਗੀ, ਸਾਂਝੇ ਯਾਤਰਾ ਖੇਤਰ ਦੇ ਅੰਦਰ ਮੁਫ਼ਤ ਆਵਾਜਾਈ ਨੂੰ ਬਣਾਈ ਰੱਖੇਗੀ।

ਇੱਕ ਵਾਰ Scotland ਦੇ EU ਵਿੱਚ ਮੁੜ ਸ਼ਾਮਲ ਹੋਣ ਦੇ ਯੋਗ ਹੋ ਜਾਣ ਤੋਂ ਬਾਅਦ Scotland ਦੇ ਨਾਗਰਿਕਾਂ ਲਈ ਯੂਰੋਪੀਅਨ ਆਰਥਿਕ ਖੇਤਰ (EEA) ਵਿੱਚ ਰਹਿਣ ਅਤੇ ਕੰਮ ਕਰਨ ਅਤੇ EEA ਨਾਗਰਿਕਾਂ ਲਈ Scotland ਵਿੱਚ ਰਹਿਣ ਅਤੇ ਕੰਮ ਕਰਨ ਦੇ ਪਰਸਪਰ ਹੱਕ ਵਜੋਂ ਯੂਰੋਪ ਦੇ ਅੰਦਰ ਲੋਕਾਂ ਦੀ ਮੁਫ਼ਤ ਆਵਾਜਾਈ ਮੁੜ ਸ਼ੁਰੂ ਹੋ ਜਾਵੇਗੀ।

## ਨਵੇਂ ਵੀਜ਼ਾ ਰੂਟ

ਆਜ਼ਾਦੀ ਦੇ ਨਾਲ, ਉਨ੍ਹਾਂ ਲੋਕਾਂ ਲਈ ਜੋ ਮੁਫ਼ਤ ਆਵਾਜਾਈ ਦੇ ਹੱਕਾਂ ਦਾ ਆਨੰਦ ਨਹੀਂ ਮਾਣਦੇ ਹਨ, ਸਕਾਟਿਸ਼ ਸਰਕਾਰ ਲੋਕਾਂ ਨੂੰ Scotland ਵਿੱਚ ਰਹਿਣ, ਕੰਮ ਕਰਨ ਜਾਂ ਪੜ੍ਹਨ, ਜਾਂ ਇੱਥੇ ਆਉਣ ਜਾਂ ਨਿਵੇਸ਼ ਕਰਨ ਵਿੱਚ ਸਹਾਇਤਾ ਕਰਨ ਵਾਲੇ ਕਈ

ਵੀਜ਼ਾ ਰੂਟ ਦੀ ਪੇਸ਼ਕਸ਼ ਕਰੇਗੀ।

**ਮੁੱਖ 'ਲਿਵ ਇਨ Scotland' ਰੂਟ** ਇੱਕ ਨਵੀਂ ਕਿਸਮ ਦਾ ਵੀਜ਼ਾ ਹੋਵੇਗਾ, ਜੋ ਲੋਕਾਂ ਨੂੰ Scotland ਵਿੱਚ ਆਪਣੇ ਪਰਿਵਾਰਾਂ ਨਾਲ ਰੁਜ਼ਗਾਰਦਾਤਾ ਦੀ ਸਪਾਂਸਰਸ਼ਿਪ ਦੇ ਬਿਨਾਂ ਰਹਿਣ ਅਤੇ ਕੰਮ ਕਰਨ ਦੀ ਮਨਜ਼ੂਰੀ ਦਿੰਦਾ ਹੈ, ਜੇ ਉਹ ਸਕਾਟਿਸ਼ ਇਮੀਗ੍ਰੇਸ਼ਨ ਨਿਯਮਾਂ ਵਿੱਚ ਨਿਰਧਾਰਤ ਮਾਪਦੰਡਾਂ ਨੂੰ ਪੂਰਾ ਕਰਦੇ ਹਨ। ਇਹ ਵੀਜ਼ਾ ਉਮਰ, ਸਿੱਖਿਆ, ਹੁਨਰਾਂ ਅਤੇ ਕੰਮ ਦੇ ਤਜਰਬੇ, ਕਮਾਈ ਦੀ ਸਮਰੱਥਾ ਅਤੇ ਭਾਸ਼ਾ ਦੀ ਯੋਗਤਾ ਸਮੇਤ ਵਿਸ਼ੇਸ਼ਤਾਵਾਂ ਦੀ ਇੱਕ ਵੱਡੀ ਸ਼੍ਰੇਣੀ ਲਈ ਕ੍ਰੈਡਿਟ ਦੇਵੇਗਾ - ਅਤੇ ਇਸ ਵਿੱਚ ਗੇਲਿਕ ਦੇ ਨਾਲ-ਨਾਲ ਅੰਗਰੇਜ਼ੀ ਲਈ ਵੀ ਕ੍ਰੈਡਿਟ ਹੋਣ ਦਾ ਮੌਕਾ ਸ਼ਾਮਲ ਹੋ ਸਕਦਾ ਹੈ। ਲਿਵ ਇਨ Scotland ਰੂਟ ਇੱਕ ਸਥਾਨ-ਅਧਾਰਤ ਤੱਤ ਨੂੰ ਵੀ ਸ਼ਾਮਲ ਕਰੇਗਾ, ਜੋ Scotland ਦੇ ਅੰਦਰ ਦੂਰ-ਦੁਰਾਡੇ, ਪੇਂਡੂ ਅਤੇ ਟਾਪੂ ਭਾਈਚਾਰਿਆਂ ਵਿੱਚ ਮਾਈਗ੍ਰੇਸ਼ਨ ਦਾ ਸਮਰਥਨ ਕਰੇਗਾ, ਇਸ ਲਈ ਆਬਾਦੀ ਨਾਲ ਨਜਿੱਠਣ ਵਿੱਚ ਮਦਦ ਕਰੇਗਾ।

ਇੱਕ ਨਵਾਂ **'ਸਕਾਟਿਸ਼ ਸੰਬੰਧ' ਵੀਜ਼ਾ** Scotland ਨਾਲ ਸੰਬੰਧ ਵਾਲੇ ਲੋਕਾਂ ਨੂੰ ਇੱਥੇ ਵਾਪਸ ਆਉਣ ਜਾਂ ਰਹਿਣ ਲਈ ਇੱਕ ਆਜ਼ਾਦੀ ਤੋਂ ਬਾਅਦ ਦਾ ਤੁਰੰਤ ਰੂਟ ਮੁਹੱਈਆ ਕਰੇਗਾ। ਇਸ ਵਿੱਚ ਸ਼ਾਮਲ ਹੈ:

- Scotland ਵਿੱਚ ਘੱਟੋ-ਘੱਟ ਪੰਜ ਸਾਲਾਂ ਦੇ ਪਿਛਲੀ ਕਨੂੰਨੀ ਨਿਵਾਸ ਵਾਲੇ ਲੋਕ
- UK ਵੰਸ਼ਜ ਵੀਜ਼ਾ ਰੂਟ ਨੂੰ ਅਪਣਾ ਰਹੇ ਮਾਂ-ਪਿਓ ਜਾਂ ਦਾਦਾ-ਦਾਦੀ ਰਾਹੀਂ ਜੱਦੀ ਸੰਬੰਧ ਵਾਲੇ ਲੋਕ ਜੋ ਵਰਤਮਾਨ ਵਿੱਚ ਸਿਰਫ਼ ਰਾਸ਼ਟਰਮੰਡਲ ਨਾਗਰਿਕਾਂ ਲਈ ਖੁੱਲ੍ਹਾ ਹੈ
- ਗ੍ਰੈਜੂਏਟ ਜਿਨ੍ਹਾਂ ਨੇ Scotland ਵਿੱਚ ਆਪਣੀ ਡਿਗਰੀ ਦੀ ਪੜ੍ਹਾਈ ਕੀਤੀ ਹੈ, UK ਗ੍ਰੈਜੂਏਟ ਵੀਜ਼ਾ ਰੂਟ ਨੂੰ ਅਪਣਾ ਰਹੇ ਹਨ ਅਤੇ ਮਹੱਤਵਪੂਰਨ ਤੌਰ 'ਤੇ ਵਿਸਤਾਰ ਕਰ ਰਹੇ ਹਨ
- ਬ੍ਰਿਟਿਸ਼ ਦੇਸ਼ਵਾਸੀ ਜੋ ਬ੍ਰਿਟਿਸ਼ ਨਾਗਰਿਕ ਨਹੀਂ ਹਨ, ਹਾਂਗਕਾਂਗ ਲਈ UK ਬ੍ਰਿਟਿਸ਼ ਨੈਸ਼ਨਲ (ਓਵਰਸੀਜ਼) ਵੀਜ਼ਾ ਨੂੰ ਅਪਣਾ ਅਤੇ ਥੋੜ੍ਹਾ ਵਧਾ ਰਹੇ ਹਨ, ਤਾਂ ਕਿ UK ਦੇ ਵਿਦੇਸ਼ੀ ਖੇਤਰਾਂ ਦੇ ਬਹੁਤ ਘੱਟ ਨਾਗਰਿਕਾਂ ਨੂੰ ਵੀ ਸ਼ਾਮਲ ਕੀਤਾ ਜਾ ਸਕੇ।

ਇਹ ਪੰਜ ਸਾਲਾਂ ਵੀਜ਼ਾ ਰੂਟ ਹੋਵੇਗਾ, ਜਿਸ ਨਾਲ ਇੱਛਾ ਹੋਣ ‘ਤੇ ਸੈਟਲਮੈਂਟ ਅਤੇ ਨਾਗਰਿਕਤਾ ਮਿਲੇਗੀ।

**'Scotland ਵਿੱਚ ਕੰਮ' ਰੂਟ** ਹੋਰ ਰੁਜ਼ਗਾਰਦਾਤਾਵਾਂ ਨੂੰ ਇਮੀਗ੍ਰੇਸ਼ਨ ਪ੍ਰਣਾਲੀ ਨਾਲ ਗੱਲਬਾਤ ਕਰਨ ਅਤੇ ਉਨ੍ਹਾਂ ਨੂੰ ਅੰਤਰਰਾਸ਼ਟਰੀ ਤੌਰ 'ਤੇ ਭਰਤੀ ਕਰਨ ਦੀ ਮਨਜ਼ੂਰੀ ਦੇਣ ਲਈ, ਸਰਲ ਨਿਯਮਾਂ ਦੇ ਨਾਲ, ਇੱਕ ਰੁਜ਼ਗਾਰਦਾਤਾ-ਪ੍ਰਾਯੋਜਿਤ ਵੀਜ਼ਾ ਰੂਟ ਨੂੰ ਬਰਕਰਾਰ ਰੱਖੇਗਾ। ਅਸੀਂ **ਮੌਸਮੀ ਕਰਮਚਾਰੀ ਵੀਜ਼ਾ ਰੂਟ** ਨੂੰ ਜਾਰੀ ਰੱਖਾਂਗੇ ਅਤੇ ਇਸ ਵਿੱਚ ਵਿਸਤਾਰ ਕਰਾਂਗੇ, ਜੋ ਕਾਮਿਆਂ ਨੂੰ ਕਿਸੇ ਇਕੱਲੇ ਮਾਲਕ ਤੱਕ ਪਬੰਧ ਹੋਣ ਦੀ ਲੋੜ ਨੂੰ ਦੂਰ ਕਰਦਾ ਹੈ, ਸ਼ੋਸ਼ਣ ਦੀ ਸੰਭਾਵਨਾ ਨੂੰ ਘਟਾਉਂਦਾ ਹੈ।

ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਨ ਦੇ ਮਾਮਲੇ ਵਿੱਚ, ਨਵਾਂ ਪੰਜ-ਸਾਲਾ ਸਕਾਟਿਸ਼ ਸੰਬੰਧ ਵੀਜ਼ਾ ਦੋ ਸਾਲਾਂ ਦੇ ਪੜ੍ਹਾਈ ਤੋਂ ਬਾਅਦ ਦੇ ਵਰਕ ਵੀਜ਼ੇ ਦੀ ਥਾਂ ਲਵੇਗਾ, ਜੋ ਵਰਤਮਾਨ ਵਿੱਚ UK ਸਰਕਾਰ ਦੁਆਰਾ ਪੇਸ਼ ਕੀਤਾ ਜਾਂਦਾ ਹੈ। ਇਸਦਾ

ਮਤਲਬ ਹੈ ਕਿ ਸਕਾਟਿਸ਼ ਯੂਨੀਵਰਸਿਟੀਆਂ ਦੇ ਅੰਤਰਰਾਸ਼ਟਰੀ ਗ੍ਰੈਜੂਏਟ ਆਪਣੀ ਪੜ੍ਹਾਈ ਤੋਂ ਬਾਅਦ Scotland ਵਿੱਚ ਰਹਿਣ ਅਤੇ ਹੋਰ ਪੰਜ ਸਾਲਾਂ ਲਈ ਕੰਮ ਕਰਨ ਲਈ ਸਿੱਧੇ ਅਰਜ਼ੀ ਦੇ ਸਕਦੇ ਹਨ।

**ਪਰਿਵਾਰਕ ਵੀਜ਼ਿਆਂ 'ਤੇ**, ਇਹ ਸਰਕਾਰ ਵੈਸਟਮਿੰਸਟਰ ਸਰਕਾਰ ਦੇ 'ਵਿਰੋਧੀ ਮਾਹੌਲ' ਸੰਬੰਧੀ ਦ੍ਰਿਸ਼ਟੀਕੋਣ ਦੇ ਹਿੱਸੇ ਵਜੋਂ ਪੇਸ਼ ਕੀਤੀ ਪਰਿਵਾਰਕ ਮਾਈਗ੍ਰੇਸ਼ਨ ਲਈ ਘੱਟੋ-ਘੱਟ ਆਮਦਨੀ ਦੀ ਲੋੜ ਨੂੰ ਹਟਾ ਦੇਵੇਗੀ। ਇਸ ਪਰਿਵਾਰਾਂ ਲਈ Scotland ਨੂੰ ਰਹਿਣ ਲਈ ਥਾਂ ਚੁਣਨਾ ਆਸਾਨ ਬਣਾ ਦੇਵੇਗਾ, ਨਾਲ ਹੀ ਪਰਿਵਾਰ ਦੇ ਪੁਨਰ ਏਕੀਕਰਨ ਵਿੱਚ ਵੀ ਸਹਾਇਤਾ ਕਰੇਗਾ।

ਬਿਨੈਕਾਰਾਂ ਲਈ ਇਮੀਗ੍ਰੇਸ਼ਨ ਪ੍ਰਣਾਲੀ ਦੀ ਗੁੰਝਲਤਾ ਨੂੰ ਵੀ ਘਟਾਇਆ ਜਾਵੇਗਾ, ਜਿਸ ਵਿੱਚ ਵੀਜ਼ਾ ਫ਼ੀਸ ਇੱਕ ਅਜਿਹੇ ਪੱਧਰ 'ਤੇ ਨਿਰਧਾਰਤ ਕੀਤੀ ਗਈ ਹੈ ਜੋ ਪੂਰੀ ਲਾਗਤ ਰਿਕਵਰੀ ਨੂੰ ਯਕੀਨੀ ਬਣਾਉਂਦਾ ਹੈ ਪਰ ਮਾਲੀਆ ਪੈਦਾ ਕਰਨ ਦੀ ਮੰਗ ਨਹੀਂ ਕਰਦਾ। ਇਸਦਾ ਮਤਲਬ ਮੌਜੂਦਾ UK ਦੇ ਪੱਧਰਾਂ ਦੀ ਤੁਲਨਾ ਵਿੱਚ, ਇੱਕ ਹੁਨਰਮੰਦ ਕਰਮਚਾਰੀ ਲੰਬੇ ਸਮੇਂ ਦੇ ਵੀਜ਼ੇ ਲਈ ਅਰਜ਼ੀ ਦੇਣ ਵਾਲੇ ਕਿਸੇ ਵਿਅਕਤੀ ਲਈ £1,000 ਤੋਂ ਵੱਧ ਦੀ ਬਚਤ ਹੋ ਸਕਦੀ ਹੈ। ਤਿੰਨ ਸਾਲਾਂ ਤੋਂ ਘੱਟ ਦੇ ਸਪਾਂਸਰਡ ਵਰਕਿੰਗ ਵੀਜ਼ੇ, ਘਾਟ ਵਾਲੇ ਕਿੱਤਿਆਂ ਲਈ ਵੀਜ਼ੇ ਅਤੇ ਸਿਹਤ ਅਤੇ ਦੇਖਭਾਲ ਵੀਜ਼ੇ ਕਾਫ਼ੀ ਸਸਤੇ ਹਨ ਪਰ ਫਿਰ ਵੀ ਸੇਵਾ ਮੁਹੱਈਆ ਕਰਨ ਦੀ ਲਾਗਤ ਤੋਂ ਵੱਧ ਹਨ, ਇਸ ਲਈ ਅਜੇ ਵੀ ਬਿਨੈਕਾਰ ਲਈ ਬੱਚਤ ਦੀ ਪ੍ਰਤੀਨਿਧਤਾ ਕਰਦੇ ਹਨ।

## ਸ਼ਰਨਾਰਥੀ ਅਤੇ ਸ਼ਰਣ ਨੀਤੀ ਲਈ ਇੱਕ ਨਵਾਂ ਦ੍ਰਿਸ਼ਟੀਕੋਣ

ਇੱਕ ਸੁਤੰਤਰ Scotland ਵਿੱਚ, ਇਹ ਸਰਕਾਰ ਮਨੁੱਖੀ ਅਧਿਕਾਰਾਂ ਅਤੇ ਸਮਾਨਤਾ ਦੇ ਸਿਧਾਂਤਾਂ ਅਤੇ ਕਨੂੰਨ ਦੇ ਸ਼ਾਸਨ ਵਿੱਚ ਦੋਵਾਂ ਪ੍ਰਣਾਲੀਆਂ ਨੂੰ ਸ਼ਾਮਲ ਕਰਦੀ ਸ਼ਰਣ ਅਤੇ ਸ਼ਰਨਾਰਥੀ ਨੀਤੀ ਵਿੱਚ ਵੀ ਬਦਲਾਅ ਕਰੇਗੀ। ਉਨ੍ਹਾਂ ਦੇ ਆਉਣ ਦੇ ਪਹਿਲੇ ਦਿਨ ਤੋਂ - ਸਾਡੀ ਨਵੀਂ ਸਕਾਟਸ ਰਣਨੀਤੀ ਦੇ ਅਨੁਕੂਲ - ਏਕੀਕਰਣ ਅਤੇ ਸਮਰਥਨ 'ਤੇ ਜ਼ੋਰ ਦਿੱਤਾ ਜਾਵੇਗਾ।

ਮੌਜੂਦਾ UK ਨੀਤੀ ਦੇ ਉਲਟ, ਸ਼ਰਣ ਦੀ ਮੰਗ ਕਰਨ ਵਾਲੇ ਲੋਕਾਂ ਕੋਲ ਕੰਮ ਕਰਨ, ਰੁਜ਼ਗਾਰਯੋਗਤਾ ਸਹਾਇਤਾ ਅਤੇ ਜਨਤਕ ਸਹਾਇਤਾ ਤੱਕ ਪਹੁੰਚ ਪ੍ਰਾਪਤ ਕਰਨ ਦਾ ਹੱਕ ਹੋਵੇਗਾ, ਉਦਾਹਰਨ ਲਈ ਸਾਡੀ ਸਮਾਜਿਕ ਸੁਰੱਖਿਆ ਪ੍ਰਣਾਲੀ, ਜੋ ਬੇਸਹਾਰਾ ਹੋਣ ਦੀ ਸੰਭਾਵਨਾ ਨੂੰ ਘਟਾਉਂਦੀ ਹੈ।
ਸ਼ਰਨਾਰਥੀ ਦਾ ਦਰਜਾ ਦਿੱਤੇ ਗਏ ਲੋਕਾਂ ਨੂੰ Scotland ਵਿੱਚ ਸੈਟਲਮੈਂਟ ਦਾ ਦਰਜਾ ਦਿੱਤਾ ਜਾਵੇਗਾ। ਇਹ ਲੰਬੇ ਸਮੇਂ ਦੇ ਏਕੀਕਰਣ ਦਾ ਸਮਰਥਨ ਕਰੇਗਾ ਅਤੇ ਸ਼ਰਨਾਰਥੀਆਂ ਲਈ Scotland ਵਿੱਚ ਸਥਾਈ ਤੌਰ 'ਤੇ ਰਹਿਣ ਦੀਆਂ ਵਾਧੂ ਪ੍ਰਬੰਧਕੀ ਪ੍ਰਕਿਰਿਆਵਾਂ ਵਿੱਚੋਂ ਲੰਘਣ ਦੀ ਜ਼ਰੂਰਤ ਨੂੰ ਘਟਾਏਗਾ।

ਅੰਤ ਵਿੱਚ, ਮੌਸਮੀ ਸ਼ਰਨਾਰਥੀਆਂ ਦੇ ਵਧ ਰਹੇ ਮੁੱਦੇ ਦੀ ਮਾਨਤਾ ਦੇ ਰੂਪ ਵਿੱਚ, ਵਿਸਥਾਪਿਤ ਲੋਕਾਂ ਅਤੇ ਸ਼ਰਨਾਰਥੀਆਂ ਲਈ ਸੁਰੱਖਿਅਤ ਅਤੇ ਕਾਨੂੰਨੀ ਰਸਤੇ ਉਪਲੱਬਧ ਹੋਣਗੇ। ਇਹ ਸਰਕਾਰ ਜਲਵਾਯੂ ਪਰਿਵਰਤਨ ਤੋਂ ਵਿਸਥਾਪਨ ਦੇ ਜੋਖਮ ਵਾਲੇ ਭਾਈਵਾਲ ਦੇਸ਼ਾਂ ਅਤੇ ਭਾਈਚਾਰਿਆਂ ਨਾਲ ਜੁੜਨ ਲਈ ਵਚਨਬੱਧ ਹੋਵੇਗੀ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਕੀ ਇੱਕ ਮਾਨਵਤਾਵਾਦੀ ਵੀਜ਼ਾ ਜਲਵਾਯੂ ਸੰਬੰਧੀ ਨਿਆਂ ਲਈ ਸਾਡੇ ਵਿਆਪਕ ਦ੍ਰਿਸ਼ਟੀਕੋਣ ਵਿੱਚ ਭੂਮਿਕਾ ਨਿਭਾਏਗਾ।

## ਸਿੱਟਾ

ਮਾਈਗ੍ਰੇਸ਼ਨ Scotland ਦੀ ਆਰਥਿਕਤਾ, ਸਾਡੇ ਭਾਈਚਾਰਿਆਂ ਦੀ ਭਲਾਈ, ਸਾਡੇ ਕਾਰੋਬਾਰਾਂ ਦੀ ਸਫਲਤਾ, ਅਤੇ ਸਾਡੀਆਂ ਜਨਤਕ ਸੇਵਾਵਾਂ ਦੀ ਸਥਿਰਤਾ ਲਈ ਕੇਂਦਰੀ ਮਹੱਤਵ ਵਾਲਾ ਇੱਕ ਮੁੱਦਾ ਹੈ।

ਸੁਤੰਤਰਤਾ ਇਹ ਯਕੀਨੀ ਕਰਨ ਦਾ ਮੌਕਾ ਦੇਵੇਗੀ ਕਿ ਮਾਈਗ੍ਰੇਸ਼ਨ ਨੀਤੀ Scotland ਦੀਆਂ ਲੋੜਾਂ ਮੁਤਾਬਕ ਨਿਰਧਾਰਤ ਕੀਤੀ ਗਈ ਹੈ ਤਾਂ ਜੋ Scotland ਤਰੱਕੀ ਕਰ ਸਕੇ।

© The Scottish Government 2023

ਸਕਾਟਿਸ਼ ਸਰਕਾਰ ਵੱਲੋਂ ਪ੍ਰਕਾਸ਼ਿਤ, ਨਵੰਬਰ 2023

APS Group Scotland, 21 Tennant Street,
Edinburgh EH6 5NA ਵੱਲੋ ਸਕਾਟਿਸ਼ ਸਰਕਾਰ ਲਈ ਤਿਆਰ ਕੀਤਾ ਗਿਆ PPDAS1376294 (11/23)